# ਰਫਿਊਜੀ ਦਾਵੇਦਾਰਾਂ ਲਈ ਜਾਣਕਾਰੀ

## 1. ਆਮ ਜਾਣਕਾਰੀ:

ਰਿਫਿਊਜੀ ਦਾਵਿਆਂ ਨਾਲ ਡੀਲ ਕਰਨ ਵਾਲੇ ਕੈਨੇਡਾ ਸਰਕਾਰ ਦੇ ਵਿਭਾਗ:

- **ਇਮੀਗਰੇਸ਼ਨ, ਰਿਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC)** (www.cic.gc.ca): IRCC ਇਹ ਗੱਲ ਨਿਰਧਾਰਤ ਕਰਦਾ ਹੈ ਕਿ ਕੈਨੇਡਾ ਦੇ ਅੰਦਰ ਦਾਇਰ ਕੀਤਾ ਗਿਆ ਕੋਈ ਰਿਫਿਊਜੀ ਕਲੇਮ ਕੀ ਇਮੀਗਰੇਸ਼ਨ ਐਂਡ ਰਿਫਿਊਜੀ ਬੋਰਡ ਔਫ ਕੈਨੇਡਾ (IRB) ਨੂੰ ਭੇਜਣ ਦੇ ਕਾਬਲ ਹੈ ਜਾਂ ਨਹੀਂ।
- **ਕੈਨੇਡਾ ਬੌਰਡਰ ਸਰਵਿਸਜ਼ ਏਜੰਸੀ (CBSA)** (www.cbsa-asfc.gc.ca): CBSA ਇਹ ਨਿਰਧਾਰਤ ਕਰਦਾ ਹੈ ਕਿ ਕੀ ਕਿਸੇ ਕੈਨੇਡੀਅਨ ਪੋਰਟ ਔਫ ਐਂਟਰੀ (ਅਰਥਾਤ,ਕੋਈ  ਹਵਾਈ ਅੱਡਾ, ਜ਼ਮੀਨੀ ਸਰਹੱਦ ਪਾਰ ਜਾਂ ਸਮੁੰਦਰੀ ਬੰਦਰਗਾਹ), ਜਾਂ ਕਿਸੇ ਇਨਲੈਂਡ ਇਨਫੋਰਸਮੈਂਟ ਔਫਿਸ, ਵਿਚ ਕੀਤਾ ਕਲੇਮ ਕੀ IRB ਨੂੰ ਭੇਜਣ ਦੇ ਕਾਬਲ ਹੈ।
- **ਇਮੀਗਰੇਸ਼ਨ ਐਂਡ ਰਿਫਿਊਜੀ ਬੋਰਡ ਔਫ ਕੈਨੇਡਾ (IRB)** (www.irb-cisr.gc.ca): IRB ਇਕ ਖੁਦਮੁਖਤਾਰ ਸੰਸਥਾ ਹੈ ਜਿਹੜੀ ਇਮੀਗਰੇਸ਼ਨ ਅਤੇ ਰਿਫਿਊਜੀ ਫੈਸਲੇ ਕਰਦੀ ਹੈ।

## 2. ਤੁਹਾਡਾ ਰਿਫਿਊਜੀ ਦਾਵਾ ਸਬਮਿਟ ਕਰਨਾ

ਤੁਸੀਂ ਰਿਫਿਊਜੀ ਸੁਰੱਖਿਆ ਦਾ ਦਾਵਾ ਕਰ ਸਕਦੇ ਹੋ:

ਜਦੋਂ ਤੁਸੀਂ ਐਂਟਰੀ ਦੀ ਬੰਦਰਗਾਹ 'ਤੇ ਪਹੁੰਚਦੇ ਹੋ ਤਾਂ ਵਿਅਕਤੀਗਤ ਤੌਰ 'ਤੇ CBSA ਅਧਿਕਾਰੀ ਨੂੰ ਮਿਲੋ ;

**ਜਾਂ**

ਜੇ ਤੁਸੀਂ ਪਹਿਲਾਂ ਹੀ ਕੈਨੇਡਾ ਦੇ ਅੰਦਰ ਹੋ, ਤਾਂ ਕੈਨੇਡੀਅਨ ਸ਼ਰਨਾਰਥੀ ਸੁਰੱਖਿਆ ਪੋਰਟਲ (Canadian Refugee Protection Portal ) (CRPP) ਰਾਹੀਂ ਔਨਲਾਈਨ।

ਜੇ ਕੋਈ ਅਫਸਰ ਤੁਰੰਤ ਇਹ ਫੈਸਲਾ ਨਹੀਂ ਕਰ ਸਕਦਾ ਕਿ ਤੁਸੀਂ ਯੋਗ ਹੋ, ਤਾਂ ਉਹ ਤੁਹਾਨੂੰ ਦਾਵੇ ਦੀ ਰਸੀਦ  **(Acknowledgement of Claim)** ਦਸਤਾਵੇਜ਼ ਜਾਰੀ ਕਰਨਗੇ। ਇਹ ਇਕ ਅਸਥਾਈ ਦਸਤਾਵੇਜ਼ ਹੈ, ਜਿਹੜਾ

- ਪੁਸ਼ਟੀ ਕਰਦਾ ਹੈ ਕਿ ਤੁਸੀਂ ਰਿਫਿਊਜੀ ਕਲੇਮ ਫਾਇਲ ਕੀਤਾ ਹੈ
- ਦਰਸਾਉਂਦਾ ਹੈ ਕਿ ਤੁਸੀਂ ਅੰਤਰਿਮ ਸੰਘੀ ਸਿਹਤ ਪ੍ਰੋਗਰਾਮ ( Interim Federal Health Program) ਅਧੀਨ ਕਵਰ ਹੋ ਅਤੇ
- ਜੇ ਤੁਸੀਂ ਸਮਾਜਿਕ ਸੇਵਾਵਾਂ ਲਈ ਅਪਲਾਈ ਕਰਦੇ ਹੋ ਤਾਂ ਤੁਹਾਡੀ ਸਹਾਇਤਾ ਹੋ ਸਕਦੀ ਹੈ

ਜਦੋਂ ਅਸੀਂ ਤੁਹਾਡੇ ਦਾਵੇ ਦੀ ਯੋਗਤਾ ਬਾਰੇ ਫੈਸਲਾ ਕਰ ਲਿਆ ਤਾਂ ਅਸੀਂ ਤੁਹਾਨੂੰ **ਸ਼ਰਨਾਰਥੀ ਸੁਰੱਖਿਆ ਦਾਅਵੇਦਾਰ ਦਸਤਾਵੇਜ਼ (Refugee Protection Claimant Document) (RPCD)** ਜਾਰੀ ਕਰਾਂਗੇ।

RPCD ਕੈਨੇਡਾ ਵਿਚ ਰਿਫਿਊਜੀ ਦਾਵੇਦਾਰ ਵਜੋਂ ਤੁਹਾਡੇ ਮੁਢਲੇ ਦਸਤਾਵੇਜ਼ ਦੇ ਤੌਰ ਤੇ ਦਾਵੇ ਦੀ ਰਸੀਦ  ਦਸਤਾਵੇਜ਼ ਦੀ ਥਾਂ ਲੈਂਦਾ ਹੈ। RPCD -

- ਦਰਸਾਉਂਦਾ ਹੈ ਕਿ ਤੁਹਾਡਾ ਕਲੇਮ IRB ਨੂੰ ਭੇਜ ਦਿੱਤਾ ਗਿਆ ਹੈ
- ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ
- ਇਹ ਦਰਸਾਉਂਦਾ ਹੈ ਕਿ ਤੁਸੀਂ ਅੰਤਰਿਮ ਸੰਘੀ ਸਿਹਤ ਪ੍ਰੋਗਰਾਮ ਅਧੀਨ ਆਉਂਦੇ ਹੋ

**ਨੋਟ ਕਰੋ:**

- **ਜੇ ਤੁਸੀਂ** CRPP **ਰਾਹੀਂ ਔਨਲਾਈਨ ਫਾਇਲ ਕਰਦੇ ਹੋ,** ਤੁਹਾਡੇ ਬਾਇਓਮੈਟਰਿਕਸ (ਫਿੰਗਰਪ੍ਰਿੰਟ) ਲੈਣ ਲਈ IRCC ਤੁਹਾਡੇ ਨਾਲ ਅਪਾਇੰਟਮੈਂਟ ਬੁੱਕ ਕਰਨ ਵਾਸਤੇ ਸੰਪਰਕ ਕਰੇਗਾ। ਤੁਹਾਨੂੰ ਯੋਗਤਾ ਇੰਟਰਵਿਊ ਵਿਚ ਵੀ ਆਉਣਾ ਪਵੇਗਾ।
- **ਜੇ ਤੁਸੀਂ ਦਾਖਲਾ ਬੰਦਰਗਾਹ 'ਤੇ ਆਪਣਾ ਦਾਅਵਾ ਕਰਦੇ ਹੋ,**, ਤੁਹਾਨੂੰ ਕਲੇਮ ਦਾ ਅਧਾਰ (Basis of Claim) ਫਾਰਮ ਭਰਨਾ ਪਵੇਗਾ। ਤੁਹਾਨੂੰ ਇਹ ਫਾਰਮ ਮੇਲ ਕਰਨ ਲਈ ਕਿਹਾ ਜਾ ਸਕਦਾ ਹੈ, ਜਾਂ CRPP ਤੇ ਅੱਪਲੋਡ ਕਰਨ ਲਈ ਕਿਹਾ ਜਾਵੇਗਾ (ਵਧੇਰੇ ਜਾਣਕਾਰੀ ਲਈ ਸੈਕਸ਼ਨ 11 ਦੇਖੋ)। ਕਿਸੇ ਹੋਰ ਵਾਧੂ ਕਾਰਵਾਈ ਲਈ ਤੁਹਾਨੂੰ CBSA ਸੂਚਿਤ ਕਰੇਗਾ।
- **ਜੇ ਤੁਹਾਡਾ ਕਲੇਮ ਅਯੋਗ ਪਾਇਆ ਗਿਆ**, ਤੁਹਾਨੂੰ ਆਪਣੀ ਸੁਣਵਾਈ ਲਈ IRB ਦੀ ਸ਼ਰਨਾਰਥੀ ਸੁਰੱਖਿਆ ਡਿਵਿਜ਼ਨ (Refugee Protection Division )ਵਿਚ ਆਉਣਾ ਪਵੇਗਾ। ਤੁਹਾਡੀ ਸੁਣਵਾਈ ਦੀ ਤਰੀਕ ਅਤੇ ਸਥਾਨ ਬਾਰੇ IRB ਤੁਹਾਡੇ ਨਾਲ ਬਾਦ ਵਿਚ ਸੰਪਰਕ ਕਰੇਗਾ।
- ਜੇ ਤੁਹਾਡਾ ਕਲੇਮ ਅਯੋਗ ਪਾਇਆ ਜਾਂਦਾ ਹੈ, ਜਾਂ ਤੁਹਾਡਾ ਕਲੇਮ IRB ਤੇ ਰੱਦ ਹੋ ਜਾਂਦਾ ਹੈ, ਤਾਂ ਜਦੋਂ ਤੱਕ ਤੁਹਾਨੂੰ ਕੈਨੇਡਾ ਵਿਚੋਂ ਕੱਢਿਆ ਨਹੀਂ ਜਾਂਦਾ, ਤੁਸੀਂ ਫੇਰ ਵੀ ਅੰਤਰਿਮ ਫੈਡਰਲ ਹੈਲਥ ਪ੍ਰੋਗਰਾਮ ਅਤੇ ਸੂਬਾਈ ਸੇਵਾਵਾਂ ਤੇ ਯੋਗ ਹੋਵੋਂਗੇ।
- ਯਕੀਨੀ ਬਣਾਓ ਕਿ ਤੁਸੀਂ ਕੈਨੇਡੀਅਨ ਸ਼ਰਨਾਰਥੀ ਸੁਰੱਖਿਆ ਪੋਰਟਲ ਤੇ ਜੋ ਸੰਪਰਕ ਜਾਣਕਾਰੀ (ਪਤਾ, ਫੋਨ ਨੰਬਰ ਅਤੇ ਈਮੇਲ ਆਦਿ) ਦਿੱਤੀ ਹੈ, ਉਹ ਸਹੀ ਹੈ।
- ਜੇ ਤੁਹਾਡੀ ਸੰਪਰਕ ਜਾਣਕਾਰੀ ਬਦਲੀ ਹੈ ਤਾਂ ਇਸ ਨੂੰ ਅਪਡੇਟ ਕਰਨ ਲਈ https://secure.cic.gc.ca/enquiries-renseignements/ canada-case-cas-eng.aspx ਤੇ ਔਨਲਾਈ ਜਾਓ ਅਤੇ "Change of Contact Information" ਸਿਲੈਕਟ ਕਰੋ।

## 3. ਅੰਤਰਿਮ ਫੈਡਰਲ ਹੈਲਥ ਪ੍ਰੋਗਰਾਮ

ਅੰਤਰਿਮ ਫੈਡਰਲ ਹੈਲਥ ਪ੍ਰੋਗਰਾਮ (IFHP), ਦੇ ਤਹਿਤ ਕੈਨੇਡਾ ਸਰਕਾਰ ਕੁੱਝ ਹੈਲਥ-ਕੇਅਰ ਸਰਵਿਸਜ਼ ਜਾਂ ਉਤਪਾਦ ਕਵਰ ਕਰਦੀ ਹੈ। **ਦਾਅਵੇ ਦੀ ਤੁਹਾਡੀ ਰਸੀਦ ਜਾਂ ਰਫਿਊਜੀ ਪ੍ਰੋਟੈਕਸ਼ਨ ਦਾਅਵੇਦਾਰ ਦਸਤਾਵੇਜ਼** ਇਹ ਦਰਸਾਉਂਦਾ ਹੈ ਕਿ ਕੀ ਤੁਸੀਂ IFHP ਕਵਰੇਜ ਲਈ ਯੋਗ ਹੋ।

ਸਾਰੇ ਯੋਗ ਦਾਵੇਦਾਰ ਹੈਲਥ-ਕੇਅਰ ਸੇਵਾਵਾਂ ਅਤੇ ਉਤਪਾਦ **IFHP ਨਾਲ ਰਜਿਸਟਰਡ** ਹੈਲਥਕੇਅਰ ਪ੍ਰਦਾਤਿਆਂ ਤੋਂ ਕੈਨੇਡਾ ਵਿਚ ਕਿਤੇ ਵੀ ਲੈ ਸਕਦੇ ਹਨ। ਰਜਿਸਟਰਡ ਪ੍ਰਦਾਤਿਆਂ ਦੀ ਲਿਸਟ ਇਥੇ ਔਨਲਾਈਨ ਉਪਲਬਧ ਹੈ: www.ifhp-pfsi.ca.

ਕਿਸੇ ਵੀ ਹੈਲਥ-ਕੇਅਰ ਪ੍ਰਦਾਤਾ ਤੋਂ ਸਰਵਿਸ ਲੈਣ ਤੋਂ ਪਹਿਲਾਂ ਚੈੱਕ ਕਰੋ ਕਿ ਉਹ **IFHP ਨਾਲ ਰਜਿਸਟਰਡ** ਹੋਣ। ਹਰ ਵਿਜ਼ਟ ਮੌਕੇ ਹੈਲਥ-ਕੇਅਰ ਪ੍ਰਦਾਤਾ ਨੂੰ ਸਹੀ ਦਾਵੇ ਦੀ ਰਸੀਦ  ਜਾਂ ਰਿਫਿਊਜੀ ਪ੍ਰਟੈਕਸ਼ਨ ਕਲੇਮੈਂਟ ਦਸਤਾਵੇਜ਼ ਪੇਸ਼ ਕੀਤਾ ਜਾਵੇ।

IFHP ਬਾਰੇ ਅਤੇ ਕਵਰ ਕੀਤੀਆਂ ਸੇਵਾਵਾਂ ਅਤੇ ਉਤਪਾਦਾਂ ਬਾਰੇ ਵਧੇਰੇ ਜਾਣਕਾਰੀ ਲਈ ਦੇਖੋ: www.canada.ca/ifhp ਜਾਂ www.ifhp-pfsi.ca.

## 4. ਇਮੀਗਰੇਸ਼ਨ ਮੈਡੀਕਲ ਪ੍ਰੀਖਿਆ

ਇਕ ਰਿਫਿਊਜੀ ਦਾਵੇਦਾਰ ਦੇ ਤੌਰ ਤੇ ਤੁਹਾਨੂੰ **ਲਾਜ਼ਮੀ ਸਿਹਤ ਪ੍ਰੀਖਿਆ** ਕਰਵਾਉਣੀ ਪੈਂਦੀ ਹੈ। ਇਸ ਦਾ ਖਰਚਾ IFHP ਦੁਆਰਾ ਕੀਤਾ ਜਾਂਦਾ ਹੈ।

ਇਹ ਪ੍ਰੀਖਿਆਵਾਂ ਕੁੱਝ ਚੋਣਵੇਂ ਡਾਕਟਰ ਹੀ ਕਰ ਸਕਦੇ ਹਨ। IRCC ਦੀ ਤਰਫੋਂ ਹਰ ਸੂਬੇ ਜਾਂ ਟੈਰਟਰੀ ਵਿਚ  ਡਾਕਟਰਾਂ ਦੀ ਲਿਸਟ ਲਈ ਲਿੰਕ ਅਤੇ ਹਿਦਾਇਤਾਂ  the IMM 1017 **ਸਿਹਤ ਪ੍ਰੀਖਿਆ** (Medical Report) ਫਾਰਮ ਵਿਚ ਦਿੱਤੀਆਂ ਗਈਆਂ ਹਨ।

ਮੈਡੀਕਲ ਜਾਂਚ ਲਈ ਅਪਾਇੰਟਮੈਂਟ ਬਣਾਉਣ ਵਾਸਤੇ ਲਿਸਟ ਵਿਚੋਂ ਕਿਸੇ ਡਾਕਟਰ ਨਾਲ ਸੰਪਰਕ ਕਰੋ। ਅਪਾਇੰਟਮੈਂਟ ਤੇ ਆਪਣੇ ਨਾਲ ਇਹ ਦਸਤਾਵੇਜ਼ ਜ਼ਰੂਰ ਲਿਆਓ:

- IMM 1017 ਫਾਰਮ ਅਤੇ
- **ਦਾਵੇ ਦੀ ਰਸੀਦ  ਜਾਂ ਰਿਫਿਊਜੀ ਪ੍ਰਟੈਕਸ਼ਨ ਕਲੇਮੈਂਟ ਦਸਤਾਵੇਜ਼**

IRCC-3302-03-2022_Pan   Ci44-25/2021Pan-PDF 978-0-660-42881-9

## 5. ਵਰਕ ਪਰਮਿਟ ਅਤੇ ਸਮਾਜਿਕ ਬੀਮਾ ਨੰਬਰ

ਕੈਨੇਡਾ ਵਿਚ ਕਨੂੰਨੀ ਤੌਰ ਤੇ ਕੰਮ ਕਰਨ ਲਈ, ਤੁਹਾਡੇ ਕੋਲ ਵਰਕ ਪਰਮਿਟ ਅਤੇ **ਸਮਾਜਿਕ ਬੀਮਾ ਨੰਬਰ** (Social Insurance Number) ਹੋਣਾ ਲਾਜ਼ਮੀ ਹੈ। ਕਿਸੇ ਵੀ ਇੰਪਲਾਇਰ ਨਾਲ ਕੰਮ ਕਰਨ ਲਈ ਤੁਸੀਂ ਬਿਨਾਂ ਫੀਸ ਵਾਲੇ ਵਰਕ ਪਰਮਿਟ ਲਈ ਅਪਲਾਈ ਕਰ ਸਕਦੇ ਹੋ।

ਵਰਕ ਪਰਮਿਟ ਤੇ ਇਹ ਦੱਸਿਆ ਜਾਵੇਗਾ ਕਿ ਇਹ ਕਿੰਨੀ ਦੇਰ ਲਈ ਉਚਿਤ ਹੈ।

IRCC ਦੁਆਰਾ ਵਰਕ ਪਰਮਿਟ ਜਾਰੀ ਕਰਨ ਤੋਂ ਪਹਿਲਾਂ ਹੇਠ ਦਿੱਤੇ ਕਦਮ ਉਠਾਉਣੇ ਲਾਜ਼ਮੀ ਹਨ:

- ਤੁਹਾਡੇ ਦਾਵੇ ਦੀ ਯੋਗਤਾ ਬਾਰੇ ਫੈਸਲਾ ਹੋਣਾ ਜ਼ਰੂਰੀ ਹੈ।
- ਇਮੀਗਰੇਸ਼ਨ ਮੈਡੀਕਲ ਪ੍ਰੀਖਿਆ ਵੀ ਪੂਰੀ ਅਤੇ ਪਾਸ ਹੋਣੀ ਜ਼ਰੂਰੀ ਹੈ
- ਬਾਇਮੈਟਰਿਕਸ (ਫਿੰਗਰਪ੍ਰਿੰਟ ਅਤੇ ਫੋਟੋਆਂ) ਵੀ ਲਈਆਂ ਜਾਣ (ਦੇਖੋ ਸੈਕਸ਼ਨ 8)

ਤੁਸੀਂ ਆਪਣੀ ਇਮੀਗਰੇਸ਼ਨ ਮੈਡੀਕਲ ਪ੍ਰੀਖਿਆ ਪੂਰੀ ਕਰ ਲਈ ਹੈ, ਉਸਦਾ ਸਬੂਤ "IME" ਨੰਬਰ ਹੈ, ਜਾਂ eMedical ਜਾਣਕਾਰੀ ਸ਼ੀਟ ਦੀ ਕਾਪੀ ਹੈ (ਜਿਸ ਡਾਕਟਰ ਨੇ ਪ੍ਰੀਖਿਆ ਕੀਤੀ, ਇਹ ਉਸ ਤੋਂ ਹੀ ਲਏ ਜਾ ਸਕਦੇ ਹਨ) (ਦੇਖੋ ਸ਼ੈਕਸ਼ਨ 4)

ਜੇ ਤੁਸੀਂ ਰਿਫਿਊਜੀ ਕਲੇਮ ਪ੍ਰਕਿਰਿਆ ਦੌਰਾਨ ਵਰਕ ਪਰਮਿਟ ਲਈ ਅਪਲਾਈ ਨਹੀਂ ਕਰਦੇ ਤਾਂ ਤੁਸੀਂ ਅਰਜ਼ੀ ਫਾਰਮ ਬਾਦ ਵਿਚ www.cic.gc.ca.ਤੇ ਲੈ ਸਕਦੇ ਹੋ

ਜਦੋਂ ਤੁਹਾਨੂੰ ਵਰਕ ਪਰਮਿਟ ਮਿਲਦਾ ਹੈ ਤਾਂ ਤੁਹਾਨੂੰ **ਸੋਸ਼ਲ ਇੰਸ਼ੋਰੰਸ ਨੰਬਰ** ਲਈ ਵੀ ਲਾਜ਼ਮੀ ਤੌਰ ਤੇ ਅਪਲਾਈ ਕਰਨਾ ਚਾਹੀਦਾ ਹੈ। ਤੁਸੀਂ ਇਹ ਔਨਲਾਈਨ, ਮੇਲ ਰਾਹੀਂ ਜਾਂ ਕਿਸੇ Service Canada Centre ਤੇ ਇਨ-ਪਰਸਨ ਕਰ ਸਕਦੇ ਹੋ। ਅਰਜ਼ੀ ਪ੍ਰਕਿਰਿਆ ਬਾਰੇ ਜਾਣਕਾਰੀ ਇਥੇ ਮਿਲੇਗੀ: https://www.canada.ca/en/employment-social-development/services/sin.html. ਲੋਕਲ Service Canada Centre ਲੱਭਣ ਲਈ ਕਾਲ ਕਰੋ 1 800-O-Canada (1-800-622-6232)।

## 6. ਸਟੱਡੀ ਪਰਮਿਟ

18 ਸਾਲ ਤੋਂ ਘੱਟ ਉਮਰ ਦਾ ਕੋਈ ਵੀ, ਜਿਸ ਨੇ ਰਿਫਿਊਜੀ ਕਲੇਮ ਲਾਇਆ ਹੈ, ਜਾਂ ਜੋ ਕਿਸੇ ਰਿਫਿਊਜੀ ਦਾਵੇਦਾਰ ਦਾ ਨਿਰਭਰ ਬੱਚਾ ਹੈ, ਉਹ **ਬਿਨਾਂ ਸਟੱਡੀ ਪਰਮਿਟ** ਦੇ ਕਿਸੇ ਵੀ ਪ੍ਰੀ-ਸਕੂਲ, ਪ੍ਰਾਈਮਰੀ ਜਾਂ ਸੈਕੰਡਰੀ ( ਗਰੇਡ 12 ਤੱਕ) ਵਿਚ ਪੜ੍ਹ ਸਕਦਾ ਹੈ। ਬੱਚੇ **ਦਾ ਦਾਵੇ ਦੀ ਰਸੀਦ** ਜਾਂ **ਰਿਫਿਊਜੀ ਪ੍ਰੋਟੈਕਸ਼ਨ ਕਲੇਮੈਂਟ ਦਸਤਾਵੇਜ਼** ਸਕੂਲ ਦਾਖਲੇ ਲਈ ਲੋੜੀਂਦਾ ਹੋਵੇਗਾ।

ਜਿਹੜੇ ਵੀ ਦਾਵੇਦਾਰ ਪੋਸਟ-ਸੈਕੰਡਰੀ ਲੈਵਲ (ਕਾਲਜ ਜਾਂ ਯੂਨੀਵਰਸਿਟੀ) ਪੱਧਰ ਤੇ ਪੜ੍ਹਨਾ ਚਾਹੁੰਦੇ ਹਨ, ਉਨ੍ਹਾਂ ਲਈ **ਸਟੱਡੀ ਪਰਮਿਟ ਲੋੜੀਂਦਾ ਹੋਵੇਗਾ**। ਕੈਨੇਡਾ ਵਿਚ ਕਨੂੰਨੀ ਤੌਰ ਤੇ ਪੜ੍ਹਨ ਲਈ ਸਟੱਡੀ ਪਰਮਿਟ ਜਾਰੀ ਕਰਨ ਤੋਂ ਪਹਿਲਾਂ ਮੈਡੀਕਲ ਪ੍ਰੀਖਿਆ ਪੂਰੀ ਅਤੇ ਪਾਸ ਕਰਨੀ ਲਾਜ਼ਮੀ ਹੈ।

ਸਟੱਡੀ ਪਰਮਿਟ ਲਈ ਅਰਜ਼ੀ ਇਥੇ ਉਪਲਬਧ ਹੈ: www.cic.gc.ca. ਸਟੱਡੀ ਪਰਮਿਟ ਲਈ ਅਪਲਾਈ ਕਰਨ ਵਾਸਤੇ ਰਿਫਿਊਜੀ ਦਾਵੇਦਾਰਾਂ ਦੀ ਕੋਈ ਫੀਸ ਨਹੀਂ ਲੱਗਦੀ।

ਸਟੱਡੀ ਪਰਮਿਟ ਅਰਜ਼ੀ ਲਈ ਹੇਠ ਦਿੱਤੇ ਦਸਤਾਵੇਜ਼ ਚਾਹੀਦੇ ਹਨ:

- **ਦਾਵੇ ਦੀ ਰਸੀਦ** ਜਾਂ **ਰਿਫਿਊਜੀ ਪ੍ਰੋਟੈਕਸ਼ਨ ਕਲੇਮੈਂਟ ਦਸਤਾਵੇਜ਼** ਦੀ ਕਾਪੀ ( ਦੇਖੋ ਸੈਕਸ਼ਨ 2)
- ਕਿਸੇ ਮਾਨਤਾਪ੍ਰਾਪਤ ਸਿਖਿਆ ਅਦਾਰੇ ਵਿਚ ਦਾਖਲੇ ਦਾ ਸਬੂਤ
- ਕਿਉਬੈਕ ਸੂਬੇ ਵਿਚ ਪੜ੍ਹਨ ਲਈ ਇਮੀਗ੍ਰੇਸ਼ਨ ਅਤੇ ਸੱਭਿਆਚਾਰਕ ਭਾਈਚਾਰਿਆਂ ਦਾ ਵਿਭਾਗ (Ministère de l'Immigration et des Communautés culturelles) ਦੁਆਰਾ ਜਾਰੀ ਕਿਊਬੇਕ ਦੀ ਸਵੀਕ੍ਰਿਤੀ ਦਾ ਸਰਟੀਫਿਕੇਟ (Certificat d'acceptation du Québec) (CAQ) ਜ਼ਰੂਰੀ ਹੈ। CAQ ਪ੍ਰਾਪਤ ਕਰਨ ਲਈ ਹੋਰ ਜਾਣਕਾਰੀ ਵਾਸਤੇ ਦੇਖੋ: https://www.immigration-quebec.gouv.qc.ca/en/immigrate-settle/students/.

## 7. ਵਕੀਲ ਲੈਣ ਦਾ ਹੱਕ

ਰਿਫਿਊਜੀ ਦਾਅਵੇਦਾਰ ਹੋਣ ਦੇ ਨਾਤੇ, ਤੁਹਾਡੇ ਕੋਲ ਰਿਫਿਊਜੀ ਦਾਅਵੇ ਦੀ ਪ੍ਰਕਿਰਿਆ **ਦੌਰਾਨ ਆਪਣੇ ਖਰਚੇ** 'ਤੇ ਵਕੀਲ (ਇੱਕ ਵਕੀਲ ਜਾਂ ਹੋਰ ਪੇਸ਼ੇਵਰ ਪ੍ਰਤੀਨਿਧੀ) ਦੁਆਰਾ ਨੁਮਾਇੰਦਗੀ ਕਰਨ ਦਾ ਅਧਿਕਾਰ ਹੈ। ਪੋਰਟ ਔਫ ਐਂਟਰੀ ਤੇ ਮੁਢਲੀ ਇਨਟੇਕ ਦੌਰਾਨ ਇਹ **ਹਰ ਵਾਰ ਨਹੀਂ** ਹੋ ਸਕਦਾ। ਜੇ ਤੁਸੀਂ ਵਕੀਲ ਦਾ ਖਰਚਾ ਨਹੀਂ ਕਰ ਸਕਦੇ ਤਾਂ ਤੁਸੀਂ ਸੂਬਾਈ ਜਾਂ ਟੈਰਟਰੀ ਦੇ ਕਾਨੂੰਨੀ ਸਹਾਇਤਾ ਔਫਿਸ ਕੋਲ ਕਾਨੂੰਨੀ ਸਹਾਇਤਾ ਵਾਸਤੇ ਅਪਲਾਈ ਕਰ ਸਕਦੇ ਹੋ।

ਚਾਹੇ ਕਿਸੇ ਕੋਲ ਵਕੀਲ ਹੈ ਜਾਂ ਨਹੀਂ, ਕੈਨੇਡਾ ਸਰਕਾਰ ਸਭ ਨਾਲ ਇਕੋ ਜਿਹਾ ਵਰਤਾਓ ਕਰਦੀ ਹੈ। ਜੇ ਤੁਸੀਂ ਵਕੀਲ ਕਰਦੇ ਹੋ ਤਾਂ ਤੁਹਾਡੀ ਅਰਜ਼ੀ ਵੱਲ ਕੋਈ ਵਿਸ਼ੇਸ਼ ਧਿਆਨ **ਨਹੀਂ ਦਿੱਤਾ ਜਾਵੇਗਾ**।

ਕੋਈ ਨੁਮਾਇੰਦਾ ਲੈਣ ਲਈ ਜਾਣਕਾਰੀ ਇਥੇ ਦੇਖੋ: www.cic.gc.ca/english/information/representative/index.asp.

**ਨੋਟ:** ਸੂਬਾਈ ਜਾਂ ਟੈਰੀਟੋਰੀਅਲ ਲੀਗਲ ਏਡ ਦਫਤਰਾਂ ਬਾਰੇ ਜਾਨਣ ਲਈ ਲੋਕਲ ਟੈਲੀਫੋਨ ਡਾਇਰੈਕਟਰੀ ਦੇਖੋ ਜਾਂ ਵੈਬਪੇਜ ਦੇਖਣ ਲਈ ਇਹ ਲਿੰਕ ਚੈੱਕ ਕਰੋ: https:// www.justice.gc.ca/eng/fund-fina/gov-gouv/aid-aide.html.

## 8. ਬਾਇਓਮੈਟਰਿਕਸ (ਫਿੰਗਰਪ੍ਰਿੰਟ ਤੇ ਫੋਟੋਆਂ)

ਜੇ ਤੁਸੀਂ ਪਹਿਲਾਂ ਹੀ ਕੈਨੇਡਾ ਵਿਚ ਹੋ, ਅਤੇ CRPP ਰਾਹੀਂ ਆਪਣਾ ਦਾਵਾ ਔਨਲਾਈਨ ਸਬਮਿਟ ਕਰ ਦਿੱਤਾ ਹੈ, ਤਾਂ ਤੁਹਾਨੂੰ ਕਿਹਾ ਜਾਵੇਗਾ

- ਬਾਇਓਮੈਟਰਿਕਸ ਕੁਲੈਕਸ਼ਨ ਲਈ IRCC ਔਫਿਸ ਨੂੰ ਰਿਪੋਰਟ ਕਰੋ
- ਆਈਡੀ ਪਰੂਫ ਅਤੇ ਹੋਰ ਸੰਬੰਧਤ ਦਸਤਾਵੇਜ਼ ਜਮ੍ਹਾ ਕਰਵਾਓ, ਅਤੇ
- ਨਿਰਧਾਰਤ ਯੋਗਤਾ ਇੰਟਰਵਿਊ ਤੇ ਪਹੁੰਚੋ

ਜੇ ਤੁਸੀਂ ਆਪਣਾ ਦਾਵਾ ਕਿਸੇ ਪੋਰਟ ਔਫ ਐਂਟਰੀ ਤੇ ਕੀਤਾ, ਤਾਂ ਕੋਈ CBSA ਔਫਿਸਰ ਤੁਹਾਡੇ ਬਾਇਓਮੈਟਰਿਕਸ ਅਤੇ ਆਈਡੀ ਪਰੂਫ ਅਤੇ ਹੋਰ ਸੰਬੰਧਤ ਦਸਤਾਵੇਜ਼ ਲਵੇਗਾ। ਤੁਹਾਡੀ ਯੋਗਤਾ ਇੰਟਰਵਿਊ ਜਾਂ ਤਾਂ ਉਥੇ ਹੀ ਹੋ ਜਾਵੇਗੀ , ਜਾਂ ਅਫਸਰ ਤੁਹਾਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ ਅਤੇ ਹੋਰ ਪੜਤਾਲ ਲਈ ਕਿਸੇ CBSA ਦਫਤਰ ਵਿਚ ਆਉਣ ਲਈ ਤਰੀਕ ਅਤੇ ਸਮਾਂ ਤਹਿ ਕਰ ਦੇਵੇਗਾ।

## 9. ਕੈਨੇਡਾ ਵਿਚ ਯੋਗਤਾ ਇੰਟਰਵਿਊ ਜਾਂ ਪੋਰਟ ਔਫ ਐਂਟਰੀ ਤੇ ਜਾਂਚ ਪ੍ਰਕਿਰਿਆ

ਯੋਗਤਾ ਇੰਟਰਵਿਊ ਜਾਂ ਪ੍ਰੀਖਿਆ ਤੇ ਅਫਸਰ ਨਿਮਨਲਿਖਤ ਕਰੇਗਾ:

- ਫੈਸਲਾ ਕਰੇਗਾ ਕਿ ਤੁਹਾਡਾ ਦਾਵਾ IRB ਨੂੰ ਭੇਜਣ ਦੇ ਯੋਗ ਹੈ
- ਤੁਹਾਨੂੰ ਇਕ RPCD ( ਸੈਕਸ਼ਨ 2 ਦੇਖੋ) ਜਾਰੀ ਕਰੇਗਾ
- ਨਿਕਾਲੇ ਦਾ ਆਦੇਸ਼ ਦੇਵੇਗਾ:
  - **ਜੇ ਤੁਹਾਡਾ ਕਲੇਮ IRB ਨੂੰ ਭੇਜਣ ਦੇ ਯੋਗ ਹੋਇਆ** ਤਾਂ ਨਿਕਾਲੇ ਦੇ ਆਦੇਸ਼ **ਸ਼ਰਤੀਆ** (ਮਤਲਬ ਕਿ ਲਾਗੂ ਨਹੀਂ) ਹੋਣਗੇ, ਜਦੋਂ ਤੱਕ IRB ਦੁਆਰਾ ਫੈਸਲਾ ਕਰ ਨਹੀਂ ਲਿਆ ਜਾਂਦਾ।
  - **ਜੇ ਤੁਹਾਡਾ ਕਲੇਮ ਯੋਗ ਨਾ** (ਅਯੋਗ) ਹੋਇਆ ਤਾਂ ਨਿਕਾਲੇ ਦਾ ਆਦੇਸ਼ **ਲਾਗੂ ਹੋ ਜਾਵੇਗਾ**।
  - ਨਿਕਾਲੇ ਦੇ ਆਦੇਸ਼ਾਂ ਸੰਬੰਧੀ ਵਧੇਰੇ ਜਾਣਕਾਰੀ ਲਈ ਸੈਕਸ਼ਨ 12 ਦੇਖੋ।
- IRB ਪ੍ਰਕਿਆ ਸਬੰਧੀ ਤੁਹਾਨੂੰ ਜਾਣਕਾਰੀ ਪੈਕੇਜ ਦਿੱਤਾ ਜਾਵੇਗਾ

## 10. ਸੰਪਰਕ ਜਾਣਕਾਰੀ

**ਸਾਰੇ ਦਾਵੇਦਾਰਾਂ ਨੂੰ ਪਤੇ ਜਾਂ ਸੰਪਰਕ ਜਾਣਕਾਰੀ ਵਿਚ ਕਿਸੇ ਵੀ ਤਬਦੀਲੀ ਬਾਰੇ IRCC ਨੂੰ ਸੂਚਿਤ ਕਰਨਾ ਚਾਹੀਦਾ ਹੈ**। ਸਾਰੇ ਅਪਡੇਟ 'Change of Contact Information.' ਸਿਲੈਕਟ ਕਰਕੇ ਔਨਲਾਈਨ ਮੁਕੰਮਲ ਕੀਤੇ ਜਾ ਸਕਦੇ ਹਨ: https://secure.cic.gc.ca/enquiries-renseignements/canada-case-cas-eng.aspx

## 11. ਇਮੀਗਰੇਸ਼ਨ ਅਤੇ ਰਿਫਿਊਜੀ ਬੋਰਡ ਦਾਵੇਦਾਰ ਕਿੱਟ

ਸਾਰੇ ਯੋਗ ਦਾਵੇਦਾਰਾਂ ਨੂੰ IRB ਦਾਵੇਦਾਰ ਕਿੱਟ ਦਿੱਤੀ ਜਾਂਦੀ ਹੈ। ਇਸ ਕਿੱਟ ਵਿਚ ਜਾਣਕਾਰੀ ਹੁੰਦੀ ਹੈ ਕਿ ਕਿਵੇਂ

- ਦਾਵੇ ਦਾ ਅਧਾਰ ਫਾਰਮ ਭਰਨਾ ਹੈ
- ਪੇਸ਼ੀ ਲਈ ਨੋਟਿਸ ਨੂੰ ਸਮਝਣਾ ਹੈ
- IRB ਸੁਣਵਾਈ ਲਈ ਤਿਆਰੀ ਕਰਨੀ ਹੈ

ਇਸ ਕਿੱਟ ਵਿਚ ਨਿਮਨਲਿਖਤ ਸ਼ਾਮਲ ਹੈ:

***ਦਾਵੇ ਦਾ ਅਧਾਰ ਫਾਰਮ (Basis of Claim form)***

**ਇਹ ਦਸਤਾਵੇਜ਼ ਸਾਰੇ ਦਾਵੇਦਾਰਾਂ ਲਈ ਲਾਜ਼ਮੀ ਹੈ। ਹਰ ਵਿਅਕਤੀ ਦਾ ਆਪਣਾ ਵੱਖਰਾ ਦਾਵੇ ਦਾ ਅਧਾਰ ਫਾਰਮ ਹੋਣਾ ਚਾਹੀਦਾ ਹੈ।**

ਜੇ ਤੁਸੀਂ ਪੋਰਟ ਔਫ ਐਂਟਰੀ ਤੇ ਰਿਫਿਊਜੀ ਕਲੇਮ ਕਰਦੇ ਹੋ, ਤੁਹਾਨੂੰ ਲਾਜ਼ਮੀ ਤੌਰ ਤੇ ਦਾਵੇ ਦਾ ਅਧਾਰ ਫਾਰਮ ਭਰਨਾ ਚਾਹੀਦਾ ਹੈ ਅਤੇ 15 ਦਿਨ ਦੇ ਅੰਦਰ ਸਿੱਧਾ IRB ਨੂੰ ਮੇਲ ਕਰਨਾ ਚਾਹੀਦਾ ਹੈ। ਜੇ IRB ਨੂੰ 15 ਦਿਨ ਦੇ ਅੰਦਰ ਮੁਕੰਮਲ ਦਾਵੇ ਦਾ ਅਧਾਰ ਫਾਰਮ ਨਹੀਂ ਮਿਲਦਾ, ਤਾਂ IRB ਇਹ ਐਲਾਨ ਕਰ ਸਕਦੀ ਹੈ ਕਿ ਤੁਹਾਡਾ ਦਾਵਾ ਛੱਡ ਦਿੱਤਾ ਗਿਆ ਹੈ।

ਤੁਹਾਨੂੰ ਆਪਣਾ ਕਲੇਮ ਔਨਲਾਈਨ CRPP ਰਾਹੀਂ ਸਬਮਿਟ ਕਰਨਾ ਚਾਹੀਦਾ ਹੈ, ਅਤੇ ਦਾਵੇ ਦਾ ਅਧਾਰ ਫਾਰਮ ਇਕ ਸਹਾਇਕ ਦਸਤਾਵੇਜ਼ ਵਜੋਂ ਨਾਲ ਅਪਲੋਡ ਕਰਨਾ ਚਾਹੀਦਾ ਹੈ।

**ਨੋਟ:** ਇਹ ਦਾਵੇਦਾਰ ਦੀ ਜ਼ਿੰਮੇਵਾਰੀ ਹੈ ਕਿ ਉਸਦਾ ਵਕੀਲ ਦਾਵੇ ਦਾ ਅਧਾਰ ਫਾਰਮ ਸਮੇਂ ਸਿਰ IRB ਨੂੰ ਸਬਮਿਟ ਕਰੇ।

***ਦਾਵੇਦਾਰ ਦੀ ਗਾਈਡ (Claimant's Guide)***

ਦਾਵੇਦਾਰ ਦੀ ਗਾਈਡ IRB ਰਿਫਿਊਜੀ ਪਰਟੈਕਸ਼ਨ ਪਰਕਿਰਿਆ ਬਿਆਨ ਕਰਦੀ ਹੈ ਅਤੇ ਇਥੇ ਦੇਖੀ ਜਾ ਸਕਦੀ ਹੈ: https://irb.gc.ca/en/refugee-claims/Pages/ClaDemGuide.aspx.

***ਤੁਹਾਡੇ ਪੇਸ਼ੀ ਨੋਟਿਸ ਬਾਰੇ ਅਹਿਮ ਨਿਰਦੇਸ਼ (Notice to Appear)***

ਇਨ੍ਹਾਂ ਹਿਦਾਇਤਾਂ ਵਿਚ ਸੁਣਵਾਈ ਲਈ ਪੇਸ਼ੀ ਨੋਟਿਸ ਸੰਬੰਧੀ ਅਤੇ ਰਿਫਿਊਜੀ ਕਲੇਮ ਪ੍ਰਕਿਰਿਆ ਬਾਰੇ ਅਹਿਮ ਜਾਣਕਾਰੀ ਦਿੱਤੀ ਗਈ ਹੈ।

***ਸੂਬਾਈ ਅਤੇ ਟੈਰੀਟੋਰੀਅਲ ਕਾਨੂੰਨੀ ਸਹਾਇਤਾ ਸੰਪਰਕ ਜਾਣਕਾਰੀ***

ਜੇ ਤੁਸੀਂ ਆਪਣੇ ਲੀਗਲ ਕੌਂਸਲ ਦੀ ਅਦਾਇਗੀ ਨਹੀਂ ਕਰ ਸਕਦੇ ਤਾਂ ਤੁਸੀਂ ਕਾਨੂੰਨੀ ਸਹਾਇਤਾ ਲਈ ਯੋਗ ਹੋ ਸਕਦੇ ਹੋ।

***ਕੌਂਸਲ ਸੰਪਰਕ ਜਾਣਕਾਰੀ ਫਾਰਮ (IRB/CISR 687):***

ਜੇ ਦਾਵੇਦਾਰ ਨੇ ਕੌਂਸਲ (ਵਕੀਲ ਜਾਂ ਕੰਸਲਟੈਂਟ, ਜੋ ਕਿਸੇ ਉਚਿਤ ਰੈਗੂਲਟੋਰੀ ਬੌਡੀ ਦਾ ਮੈਂਬਰ ਹੋਵੇ) ਤਾਂ ਕੌਂਸਲ ਦੀ ਸੰਪਰਕ ਜਾਣਕਾਰੀ (Counsel Contact Information) ਉਸ ਦੁਆਰਾ ਪੂਰੀ ਕੀਤੀ ਜਾਵੇ ਅਤੇ IRB ਨੂੰ ਸਬਮਿਟ ਕੀਤੀ ਜਾਵੇ: (https://irb-cisr.gc.ca/en/forms/Documents/IrbCisr10102_e.pdf).

ਕੌਂਸਲ ਫੀਸਾਂ ਸੂਬਾਈ ਜਾਂ ਟੈਰੀਟੋਰੀਅਲ ਲੀਗਲ ਏਡ ਸਰਵਿਸ ਦੁਆਰਾ ਦਿੱਤੀਆਂ ਗਈਆਂ ਤਾਂ ਉਸ ਤੇ ਵੀ ਇਹੀ ਲਾਗੂ ਹੁੰਦਾ ਹੈ।

ਜਦੋਂ ਵੀ ਦਾਵੇਦਾਰ ਕੌਂਸਲ ਬਦਲਦਾ ਹੈ ਤਾਂ ਨਵੇਂ ਕੌਂਸਲ ਦੀ ਕੌਂਟੈਕਟ ਜਾਣਕਾਰੀ ਫਾਰਮ ਭਰਿਆ ਜਾਵੇ ਅਤੇ IRB ਨੂੰ ਸਬਮਿਟ ਕੀਤਾ ਜਾਵੇ।

***ਬਿਨਾਂ ਫੀਸ ਨੁਮਾਇੰਦਗੀ ਦਾ ਨੋਟਿਸ ਫਾਰਮ (IRB/CISR 692):***

ਜੇ ਤੁਹਾਡੇ ਕੌਂਸਲ ਨੂੰ ਅਦਾਇਗੀ ਨਹੀਂ ਕੀਤੀ ਜਾ ਰਹੀ ਤਾਂ ਉਨ੍ਹਾਂ ਨੂੰ ਬਿਨਾਂ ਫੀਸ ਨੁਮਾਇੰਦਗੀ (Notice of Representation without a Fee form) ਦਾ ਨੋਟਿਸ ਫਾਰਮ ਭਰਨਾ ਚਾਹੀਦਾ ਹੈ ਅਤੇ IRB ਨੂੰ ਸਬਮਿਟ ਕਰਨਾ ਚਾਹੀਦਾ ਹੈ।

ਜੇ ਤੁਸੀਂ ਕੌਂਸਲ ਕਰਦੇ ਹੋ ਪਰ IRB ਨੂੰ ਨਾ **IRB/ CISR 687** ਮਿਲਦਾ ਹੈ ਅਤੇ ਨਾ **IRB/ CISR 692** ਫਾਰਮ ਤਾਂ ਤੁਹਾਡੇ ਕੌਂਸਲ ਨੂੰ ਤੁਹਾਡੀ ਤਰਫੋਂ IRB ਅੱਗੇ ਕੰਮ ਕਰਨ ਦੀ ਇਜਾਜ਼ਤ ਨਹੀਂ ਮਿਲੇਗੀ।

## 12. ਨਿਕਾਲੇ ਦੇ ਆਦੇਸ਼

ਆਮ ਕਰਕੇ ਜਿਆਦਾਤਰ ਰਿਫਿਊਜੀ ਦਾਵੇਦਾਰਾਂ ਨੂੰ ਨਿਕਾਲੇ ਦੇ ਆਦੇਸ਼ ਉਨ੍ਹਾਂ ਦੇ ਯੋਗਤਾ ਫੈਸਲੇ ਮੌਕੇ ਹੀ ਦੇ ਦਿੱਤੇ ਜਾਂਦੇ ਹਨ। ਜੇ ਤੁਹਾਡੇ ਖਿਲਾਫ ਨਿਕਾਲੇ ਦਾ ਆਦੇਸ਼ ਜਾਰੀ ਹੋਇਆ ਹੈ ਤਾਂ ਇਸ ਦੀ ਕਾਪੀ ਤੁਹਾਨੂੰ ਦਿੱਤੀ ਜਾਵੇਗੀ।

ਜੇ ਤੁਸੀਂ ਇਸ ਗੱਲ ਬਾਰੇ ਯੋਗ ਹੋਣ ਲਈ ਦ੍ਰਿੜ ਹੋ ਕਿ ਤੁਹਾਨੂੰ ਰਿਫਿਊਜੀ ਪ੍ਰੋਟੈਕਸ਼ਨ ਡਿਵਿਜ਼ਨ ਕੋਲ ਭੇਜਿਆ ਜਾਵੇ, ਤੁਸੀਂ ਉਦੋਂ ਤੱਕ ਕੈਨੇਡਾ ਵਿਚ ਰਹਿ ਸਕਦੇ ਹੋ, ਜਦੋਂ ਤੱਕ ਤੁਹਾਡੇ ਦਾਵੇ ਤੇ ਫੈਸਲਾ ਨਹੀਂ ਹੋ ਜਾਂਦਾ। ਜੇ ਰਿਫਿਊਜੀ ਪ੍ਰੋਟੈਕਸ਼ਨ ਡਿਵਿਜ਼ਨ ਤੁਹਾਡਾ ਕੇਸ ਪ੍ਰਵਾਨ ਕਰ ਲੈਂਦੀ ਹੈ ਤਾਂ ਤੁਹਾਡਾ ਨਿਕਾਲੇ ਦਾ ਆਦੇਸ਼ ਲਾਗੂ ਨਹੀਂ ਕੀਤਾ ਜਾ ਸਕਦਾ ਅਤੇ ਤੁਸੀਂ ਪਰਮਾਨੈਂਟ ਰੈਜ਼ੀਡੈਂਸੀ ਵਾਸਤੇ ਅਪਲਾਈ ਕਰ ਸਕਦੇ ਹੋ।

ਜੇ ਤੁਸੀਂ ਅਯੋਗ ਪਾਏ ਗਏ, ਤੁਹਾਡਾ ਕਲੇਮ ਛੱਡਿਆ ਗਿਆ ਜਾਂ ਵਾਪਿਸ ਲੈ ਲਿਆ ਗਿਆ ਨਿਰਧਾਰਤ ਕੀਤਾ ਗਿਆ, ਜਾਂ ਰਿਫਿਊਜੀ ਪ੍ਰੋਟੈਕਸ਼ਨ ਡਿਵਿਜ਼ਨ ਤੁਹਾਡਾ ਕਲੇਮ ਰੱਦ ਕਰ ਦਿੰਦੀ ਹੈ, ਤਾਂ ਤੁਹਾਡਾ ਨਿਕਾਲੇ ਦਾ ਆਦੇਸ਼ ਲਾਗੂ ਹੋ ਜਾਵੇਗਾ।

ਜੇ ਤੁਹਾਡੇ ਖਿਲਾਫ ਰਵਾਨਗੀ ਆਦੇਸ਼ ਜਾਰੀ ਹੋ ਜਾਂਦਾ ਹੈ, ਤਾਂ ਜਦੋਂ ਰਵਾਨਗੀ ਲਾਗੂ ਹੋ ਗਈ ਤਾਂ ਸਲਾਹ ਦਿੱਤੀ ਜਾਵੇਗੀ ਕਿ ਤੁਸੀਂ 30 ਦਿਨਾਂ ਦੇ ਅੰਦਰ ਕੈਨੇਡਾ ਛੱਡ ਜਾਵੋ। ਕੈਨੇਡਾ ਛੱਡਣ ਤੋਂ ਪਹਿਲਾਂ ਤੁਹਾਨੂੰ CBSA ਔਫਿਸ ਨੂੰ ਆਪਣੀ ਪਲੈਨ ਕੀਤੀ ਰਵਾਨਗੀ ਤੋਂ ਪਹਿਲਾਂ ਦੱਸਣਾ ਹੋਵੇਗਾ ਤਾਂ ਜੋ ਉਹ ਤੁਹਾਡੀ ਰਵਾਨਗੀ ਦੀ ਪੁਸ਼ਟੀ ਕਰਨ ਲਈ ਪ੍ਰਬੰਧ ਕਰ ਸਕਣ। ਜੇ ਤੁਸੀਂ 30 ਦਿਨ ਦੇ ਅੰਦਰ ਕੈਨੇਡਾ ਨਹੀਂ ਛੱਡਦੇ, ਜਾਂ ਤੁਸੀਂ CBSA ਨਾਲ ਆਪਣੀ ਰਵਾਨਗੀ ਦੀ ਪੁਸ਼ਟੀ ਕਰਨ ਲਈ ਪ੍ਰਬੰਧ ਨਹੀਂ ਕਰਦੇ, ਤਾਂ ਰਵਾਨਗੀ ਆਦੇਸ਼ ਆਪਣੇ ਆਪ **ਡੈਪੋਰਟੇਸ਼ਨ ਦਾ ਆਦੇਸ਼** ਬਣ ਜਾਵੇਗਾ।

## 13. ਕੋਵਿਡ-19 ਜਾਣਕਾਰੀ

ਕੋਵਿਡ-19 IRCC ਦੀਆਂ ਕਾਰਵਾਈਆਂ ਤੇ ਕਿਵੇਂ ਅਸਰ ਪਾ ਰਿਹਾ ਹੈ, ਬਾਰੇ ਜਾਣਨ ਲਈ ਦੇਖੋ: https://www.canada.ca/en/immigration-refugees-citizenship/ services/coronavirus-covid19.html.

ਇਸ ਸਮੇਂ ਦੌਰਾਨ ਸੁਰੱਖਿਅਤ ਕਿਵੇਂ ਰਹਿਣਾ ਹੈ, ਬਾਰੇ ਜਾਣਣ ਲਈ ਪਬਲਿਕਹੈਲਥਏਜੰਸੀ ਔਫ ਕੈਨੇਡਾ (Public Health Agency of Canada). ਦੀ ਵੈਬਸਾਈ ਦੇਖੋ। ਕੋਵਿਡ-19 ਨੂੰ ਸਮਝਣ ਲਈ ਤੁਹਾਡੀ ਮਦਦ ਕਰਨ ਵਾਸਤੇ ਇਸ ਤੇ ਕਈ ਭਾਸ਼ਾਵਾਂ ਵਿਚ ਸਰੋਤ ਹਨ।